# ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ- ਸਟੇਟ ਪ੍ਰੋਜੈਕਟ ਡਾਇਰੈਕਟਰ

**ਸਰਵ ਸਿੱਖਿਆ ਅਭਿਆਨ ਅਥਾਰਟੀ**

**ਐਸ.ਸੀ.ਓ. ਨੰ. 104-106**

**ਸੈਕਟਰ 34-ਏ, ਦੂਜੀ ਅਤੇ ਤੀਜੀ ਮੰਜਲ, ਚੰਡੀਗੜ੍ਹ**

ਸੇਵਾ ਵਿਖੇ,

ਰਾਜ ਦੇ ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ. /ਸੈ.ਸਿ.)

ਮੀਮੋ ਨੰ. 20/1-10 ਸਕਾਲਰਸਿਪ (2)

ਮਿਤੀ 20-12-2010 ਚੰਡੀਗੜ੍ਹ

**ਵਿਸ਼ਾ:** ਪ੍ਰੀ ਮੈਟ੍ਰਿਕ ਸਕਾਲਰਸ਼ਿਪ ਫਾਰ ਸਟੂਡੈਂਟਸ ਬਿਲੋਂਗਿੰਗ ਟੂ ਮਨਿਓਰਟੀ ਕਮਿਊਨਿਟੀਜ਼ ਸਕੀਮ ਅਧੀਨ ਬਕਾਇਆ ਵਿਦਿਆਰਥੀਆਂ ਦੀਆਂ ਸਿਫਾਰਸਾਂ ਭੇਜਣ ਬਾਰੇ।

ਹਵਾਲਾ: ਉਪਰੋਕਤ ਵਿਸ਼ੇ ਤੇ ਡਾਇਰੈਕਟਰ ਭਲਾਈ ਵਿਭਾਗ, ਪੰਜਾਬ ਦੇ ਪੱਤਰ ਨੰ. ਮੀਮੋ ਨੰ. ਸ-20-26350-69 ਮਿਤੀ 16-12-2010 ਦੇ ਸਬੰਧ ਵਿਚ।

ਉਪਰੋਕਤ ਵਿਸ਼ੇ ਦੇ ਸਬੰਧੀ ਸਕੀਮ ਅਧੀਨ ਪ੍ਰੀਮੈਟ੍ਰਿਕ ਪੱਧਰ ਤੇ ਪੜ੍ਹ ਰਹੇ ਘੱਟ ਗਿਣਤੀ ਵਰਗਾਂ (ਸਿੱਖ, ਮੁਸਲਿਮ, ਈਸਾਈ, ਬੋਧੀ ਅਤੇ ਪਾਰਸੀ) ਨਾਲ ਸਬੰਧਤ ਵਿਦਿਆਰਥੀਆਂ ਨੂੰ ਹੇਠ ਲਿਖ ਅਨੁਸਾਰ ਦਾਖਲਾ ਫੀਸ, ਟਿਊਸ਼ਨ ਫੀਸ ਅਤੇ ਮੈਟੇਨੈਂਸ ਅਲਾਉਂਸ ਦਿੱਤੀ ਜਾਣੀ ਹੈ:-

| Sr. No. | Item | Hostellers | Day Scholars |
|---|---|---|---|
| 1. | Admission fee from class VI to X | Rs. 500/- p.a. subject to actuals | Rs. 500/- p.a. subject to actuals |
| 2. | Tuition fee from class VI to X | Rs. 350/- p.m subject to actuals. | Rs. 350/-p.m. subject to actuals |
| 3 | Maintenance allowance will be payable for a period not exceeding 10 months in an academic year | | |
| | (i) Class I to V | Nil | Rs. 100/-p.m. |
| | (ii) Class VI to X | Rs. 600/- p.m. subject to actuals | Rs. 100/-p.m |

* Hostellers include students who are staying in hostel of the school/Institute concerned or those provided by the State Government/Union Territory Administration concerned.

Note:- Log on to Web Site www.minorityaffairs.gov.in for detailed information.

ਇਸ ਸਬੰਧ ਵਿਚ ਆਪ ਵਲੋਂ ਸੂਚਨਾ ਹੇਠ ਲਿਖੇ ਪ੍ਰੋਫਾਰਮੇ ਵਿਚ ਮੰਗੀ ਗਈ ਸੀ:-

| Sr. No. | Name of the students | Father's Name | Male/Female | Religion | % of marks in previous final exam. | Class in which studying | Name of school | District | Govt./Private | New/Renewal | Actual annual income of parents/guardians | Admission fee | Tuition fee | Total fee (13+4) | Remarks |
|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 11 | 12 | 13 | 14 | 15 | 16 |

ਆਪ ਨੂੰ ਇਹ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਪ੍ਰੋਫਾਰਮੇ ਅਨੁਸਾਰ ਜਿਹੜੇ ਵਿਦਿਆਰਥੀਆਂ ਦੀਆਂ ਬਕਾਇਆ ਸਿਫਾਰਸਾਂ ਸਕੂਲ ਮੁੱਖੀਆਂ ਵਲੋਂ ਆਪ ਰਾਹੀਂ ਭਲਾਈ ਵਿਭਾਗ ਨੂੰ ਅਜੇ ਤੱਕ ਨਹੀਂ ਭੇਜੀਆਂ ਗਈਆਂ, ਉਹਨਾਂ ਬਕਾਏ ਰਹਿੰਦੇ ਯੋਗ ਵਿਦਿਆਰਥੀਆਂ ਦੀ ਮੰਗ/ਸਿਫਾਰਸ਼ਾਂ ਨਿਯਮਾਂ/ਨਾਰਮਜ ਅਨੁਸਾਰ ਉਪਰੋਕਤ ਦਰਸਾਏ ਪ੍ਰੋਫਾਰਮੇ ਵਿਚ ਭਰ ਕੇ ਸਿੱਧੇ ਤੌਰ ਤੇ ਡਾਇਰੈਕਟਰ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ੍ਰੇਣੀਆਂ ਪੰਜਾਬ, ਸੈਕਟਰ-34 ਨੂੰ ਤੁਰੰਤ ਫੈਕਸ ਰਾਹੀਂ ਮਿਤੀ 25-12-2010 ਤੱਕ ਹਰ ਹਾਲਤ ਵਿਚ ਭੇਜੀ ਜਾਵੇ। ਇਥੇ ਆਪ ਨੂੰ ਇਹ ਸ਼ਪਸਟ ਕੀਤਾ ਜਾਂਦਾ ਹੈ ਕਿ ਜੇਕਰ ਆਪ ਵਲੋਂ ਇਹ ਸੂਚਨਾ ਪਹਿਲਾਂ ਹੀ ਡਾਇਰੈਕਟਰ ਅਨੁਸੂਚਿਤ ਜਾਤੀਆਂ ਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ ਨੂੰ ਭੇਜੀ ਜਾ ਚੁੱਕੀ ਹੈ ਤਾਂ ਇਸ ਤੋਂ ਇਲਾਵਾ ਹੋਰ ਰਹਿੰਦੇ (ਬਕਾਇਆ) ਯੋਗ ਵਿਦਿਆਰਥੀਆਂ ਦੀ ਸੂਚਨਾ ਪ੍ਰੋਫਾਰਮੇ ਵਿਚ ਭਰ ਕੇ ਭੇਜੀ ਜਾਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਸ ਸਕੀਮ ਅਧੀਨ ਸਾਰੇ ਯੋਗ ਵਿਦਿਆਰਥੀਆਂ ਨੂੰ ਲਾਭ ਮਿਲ ਸਕੇ।

ਸਹੀ/-
ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।